# ਕੱਪਾਂ ਬਾਰੇ ਉਪ-ਕਾਨੂੰਨ #3 - 7 ਜੂਨ 2022

## ਕਾਰੋਬਾਰਾਂ ਨੂੰ 1 ਜੁਲਾਈ, 2022 ਤੋਂ ਗਾਹਕਾਂ ਦੇ ਮੁੜ ਵਰਤੋਂ ਯੋਗ ਕੱਪ ਸਵੀਕਾਰ ਕਰਨ ਦੀ ਲੋੜ ਹੈ

### ਸਿੰਗਲ-ਯੂਜ਼ ਕੱਪ ਉਪ-ਕਾਨੂੰਨ ਵਿੱਚ ਸੋਧਾਂ - 1 ਜੁਲਾਈ ਤੋਂ ਪ੍ਰਭਾਵੀ

7 ਜੂਨ, 2022 ਨੂੰ ਵੈਨਕੂਵਰ ਸਿਟੀ ਕਾਉਂਸਿਲ ਨੇ ਲਾਇਸੈਂਸ ਉਪ-ਕਾਨੂੰਨ ਨੰਬਰ 4450 ਵਿੱਚ ਕੱਪਾਂ ਬਾਰੇ ਵਿਨਿਯਮਾਂ ਵਿੱਚ ਤਬਦੀਲੀਆਂ ਨੂੰ ਮਨਜ਼ੂਰੀ ਦਿੱਤੀ, ਜੋ ਕਾਰੋਬਾਰਾਂ 'ਤੇ 1 ਜੁਲਾਈ, 2022 ਤੋਂ ਸਟੋਰ ਵਿੱਚ ਆਰਡਰ ਕੀਤੇ ਗਏ ਪੀਣ ਵਾਲੇ ਪਦਾਰਥਾਂ ਲਈ ਗਾਹਕਾਂ ਦੇ ਸਾਫ਼ ਮੁੜ ਵਰਤੋਂ ਯੋਗ ਕੱਪ ਸਵੀਕਾਰ ਕਰਨ ਦੀ ਲੋੜ ਲਗਾਉਂਦਾ ਹੈ। ਕਾਰੋਬਾਰਾਂ ਲਈ ਗਾਹਕਾਂ ਦੇ ਮੁੜ ਵਰਤੋਂ ਯੋਗ ਕੱਪਾਂ ਨੂੰ ਸਵੀਕਾਰ ਕਰਨ ਦੀ ਲੋੜ ਨੂੰ 2 ਮਾਰਚ, 2022 ਨੂੰ ਕਾਉਂਸਿਲ ਦੁਆਰਾ ਸਿਧਾਂਤਕ ਤੌਰ 'ਤੇ ਮਨਜ਼ੂਰ ਕੀਤਾ ਗਿਆ ਸੀ।

ਮੁੜ ਵਰਤੋਂ ਯੋਗ ਕੱਪਾਂ ਲਈ ਨਵੀਆਂ ਉਪ-ਕਾਨੂੰਨ ਲੋੜਾਂ ਜਨਤਕ ਸਿਹਤ ਅਥਾਰਟੀਆਂ ਦੇ ਮਾਰਗਦਰਸ਼ਨ ਨਾਲ ਵਿਕਸਿਤ ਕੀਤੀਆਂ ਗਈਆਂ ਹਨ। ਇਹ ਤਬਦੀਲੀਆਂ ਕਾਰੋਬਾਰਾਂ ਲਈ ਬਰਾਬਰ ਮੌਕੇ ਪੈਦਾ ਕਰਨ ਵਿੱਚ ਮਦਦ ਕਰਦੀਆਂ ਹਨ ਅਤੇ ਗਾਹਕਾਂ ਨੂੰ ਕੱਪ ਫ਼ੀਸ ਤੋਂ ਬਚਣ ਅਤੇ ਮੁੜ ਵਰਤੋਂ ਯੋਗ ਵਿਕਲਪ ਚੁਣ ਕੇ ਕੂੜੇ ਨੂੰ ਘਟਾਉਣ ਦੀ ਸਹੂਲਤ ਦਿੰਦੀਆਂ ਹਨ।

### 1 ਜੁਲਾਈ, 2022 ਤੋਂ ਪ੍ਰਭਾਵੀ ਗਾਹਕਾਂ ਦੇ ਮੁੜ ਵਰਤੋਂ ਯੋਗ ਕੱਪਾਂ ਨੂੰ ਸਵੀਕਾਰ ਕਰਨ ਲਈ ਵਿਨਿਯਮਾਂ ਦੇ ਵੇਰਵੇ

ਭੋਜਨ ਵਿਕ੍ਰੇਤਾਵਾਂ ਕੋਲ **ਸਟੋਰ ਵਿੱਚ ਆਰਡਰ ਕੀਤੇ ਪੀਣ ਵਾਲੇ ਪਦਾਰਥਾਂ** ਲਈ ਗਾਹਕ ਦੇ ਸਾਫ਼ ਮੁੜ ਵਰਤੋਂ ਯੋਗ ਕੱਪ ਵਿੱਚ ਪੀਣ ਵਾਲੇ ਪਦਾਰਥ (ਗਰਮ ਅਤੇ ਠੰਡੇ) ਪਰੋਸਣ ਲਈ ਲਿਖਤੀ ਪ੍ਰਕਿਰਿਆ ਹੋਣੀ ਚਾਹੀਦੀ ਹੈ ਅਤੇ ਉਸ ਦੀ ਪਾਲਣਾ ਕੀਤੀ ਜਾਣੀ ਚਾਹੀਦੀ ਹੈ। ਪ੍ਰਕਿਰਿਆ ਜਨਤਕ ਸਿਹਤ ਅਥਾਰਟੀਆਂ ਦੁਆਰਾ ਲੋੜੀਂਦੇ ਭੋਜਨ ਸੁਰੱਖਿਆ ਅਤੇ ਸੈਨੇਟਰੀ ਅਭਿਆਸਾਂ ਦੇ ਅਨੁਸਾਰ ਹੋਣੀ ਚਾਹੀਦੀ ਹੈ।

- ਭੋਜਨ ਵਿਕ੍ਰੇਤਾ ਇਨਕਾਰ ਕਰ ਸਕਦੇ ਹਨ:
  - **ਕੱਪ ਜੋ ਭੋਜਨ ਲਈ ਸੁਰੱਖਿਅਤ ਨਹੀਂ ਹਨ** (ਉਦਾਹਰਨ ਲਈ, ਗੰਦੇ ਜਾਂ ਨੁਕਸਾਨੇ ਗਏ ਕੱਪ)।
  - **ਕੱਪ ਜੋ ਗਾਹਕ ਦੁਆਰਾ ਆਰਡਰ ਕੀਤੇ ਗਏ ਪੀਣ ਵਾਲੇ ਪਦਾਰਥ ਲਈ ਬਹੁਤ ਛੋਟੇ ਹਨ।**
  - **ਕੱਪ ਜੋ ਗਰਮ ਪੀਣ ਵਾਲੇ ਪਦਾਰਥਾਂ ਲਈ ਸੁਰੱਖਿਅਤ ਨਹੀਂ ਹਨ** (ਉਦਾਹਰਨ ਲਈ, ਇੱਕ ਇਨਸੁਲੇਟਿਡ ਨਾ ਕੀਤਾ ਕੱਚ ਦਾ ਜਾਰ)।
- ਗਾਹਕ ਦੇ ਮੁੜ ਵਰਤੋਂ ਯੋਗ ਕੱਪ ਨੂੰ ਸਵੀਕਾਰ ਕਰਨ ਦੀ ਲੋੜ ਇਹਨਾਂ 'ਤੇ ਵੀ ਲਾਗੂ ਨਹੀਂ ਹੋਵੇਗੀ:
  - **ਪੀਣ ਵਾਲੇ ਪਦਾਰਥ ਪਹਿਲਾਂ ਹੀ ਮੁੜ ਵਰਤੋਂ ਯੋਗ ਬਰਤਨਾਂ ਵਿੱਚ ਪਰੋਸੇ ਗਏ ਹਨ।** ਜਦੋਂ ਕੋਈ ਪੀਣ ਵਾਲੇ ਪਦਾਰਥ ਪਹਿਲਾਂ ਹੀ ਕਾਰੋਬਾਰ ਦੁਆਰਾ ਸਪਲਾਈ ਕੀਤੇ ਗਏ ਮੁੜ ਵਰਤੋਂ ਯੋਗ ਕੱਪ ਵਿੱਚ ਪਰੋਸਿਆ ਜਾ ਰਿਹਾ ਹੁੰਦਾ ਹੈ (ਉਦਾਹਰਨ ਲਈ, ਇੱਕ ਡਾਈਨ-ਇਨ ਰੈਸਟੋਰੈਂਟ ਵਿੱਚ), ਤਾਂ ਕਾਰੋਬਾਰ ਨੂੰ ਉਸ ਪੀਣ ਵਾਲੇ ਪਦਾਰਥ ਲਈ ਗਾਹਕ ਦੇ ਮੁੜ ਵਰਤੋਂ ਯੋਗ ਕੱਪ ਨੂੰ ਸਵੀਕਾਰ ਕਰਨ ਦੀ ਲੋੜ ਨਹੀਂ ਹੁੰਦੀ ਹੈ।

  - **ਅਲਕੋਹਲ ਵਾਲੇ ਡ੍ਰਿੰਕ।** ਸ਼ਰਾਬ ਦੇ ਲਾਇਸੰਸਧਾਰਕ ਇਹ ਯਕੀਨੀ ਬਣਾਉਣ ਲਈ ਜ਼ਿੰਮੇਵਾਰ ਹਨ ਕਿ ਸਰਪ੍ਰਸਤ ਸ਼ਰਾਬ ਨੂੰ ਆਪਣੇ ਅਲਕੋਹਲ ਸੇਵਾ ਖੇਤਰ ਤੋਂ ਬਾਹਰ ਨਾ ਲੈ ਕੇ ਜਾਣ।
  - **ਬੈਗ ਦੀ ਜਾਂਚ ਕਰਨ ਵਾਲੇ ਸਮਾਗਮ।** ਅਜਿਹੇ ਸਮਾਗਮ ਜਿੱਥੇ ਹਰੇਕ ਸਰਪ੍ਰਸਤ ਦੀ ਜਾਂਚ ਕੀਤੀ ਜਾਂਦੀ ਹੈ ਤਾਂ ਜੋ ਕਿਸੇ ਨੂੰ ਵੀ ਅਜਿਹੀਆਂ ਵਸਤੂਆਂ ਲਿਆਉਣ ਤੋਂ ਰੋਕਿਆ ਜਾ ਸਕੇ ਜਿਨ੍ਹਾਂ ਨੂੰ ਤਿੱਖੀਆਂ ਚੀਜ਼ਾਂ ਵਜੋਂ ਵਰਤਿਆ ਜਾ ਸਕਦਾ ਹੈ।
  - **ਡ੍ਰਾਈਵ-ਥਰੂ।** ਭੋਜਨ ਵਿਕ੍ਰੇਤਾਵਾਂ ਲਈ ਡ੍ਰਾਈਵ-ਥਰੂ 'ਤੇ ਮੁੜ ਵਰਤੋਂ ਯੋਗ ਕੱਪ ਸਵੀਕਾਰ ਕਰਨਾ ਜ਼ਰੂਰੀ ਨਹੀਂ ਹੈ।

**ਧਿਆਨ ਦਿਓ**: ਜਦੋਂ ਮੁੜ ਵਰਤੋਂ ਯੋਗ ਕੱਪ ਸਵੀਕਾਰ ਨਹੀਂ ਕੀਤੇ ਜਾ ਸਕਦੇ ਹਨ ਤਾਂ ਕੱਪ ਦੀ ਫ਼ੀਸ ਅਤੇ ਹੋਰ ਕੱਪ ਨਿਯਮ ਅਜੇ ਵੀ ਲਾਗੂ ਹੁੰਦੇ ਹਨ।

ਮੁੜ ਵਰਤੋਂ ਯੋਗ ਕੱਪਾਂ ਲਈ ਉਪ-ਨਿਯਮ ਦੀਆਂ ਨਵੀਆਂ ਲੋੜਾਂ ਬਾਰੇ ਵੇਰਵਿਆਂ ਲਈ, vancouver.ca/reduce-single-use 'ਤੇ ਜਾਓ

## ਕਾਰੋਬਾਰਾਂ ਲਈ ਇਸਦਾ ਕੀ ਅਰਥ ਹੈ:

- ਜੇਕਰ ਤੁਹਾਡੀ ਮੌਜੂਦਾ ਭੋਜਨ ਸੁਰੱਖਿਆ ਅਤੇ ਸੈਨੀਟੇਸ਼ਨ ਯੋਜਨਾ ਵਿੱਚ ਗਾਹਕਾਂ ਦੇ ਸਾਫ਼ ਮੁੜ ਵਰਤੋਂ ਯੋਗ ਕੱਪਾਂ ਨੂੰ ਸਵੀਕਾਰ ਕਰਨ ਲਈ ਇੱਕ ਲਿਖਤੀ ਪ੍ਰਕਿਰਿਆ ਸ਼ਾਮਲ ਹੈ, ਤਾਂ ਤੁਸੀਂ ਆਪਣੇ ਕਾਰਜਾਂ ਵਿੱਚ ਬਿਨਾਂ ਕਿਸੇ ਤਬਦੀਲੀ ਦੇ ਆਪਣੀ ਪ੍ਰਕਿਰਿਆ ਦਾ ਪਾਲਣ ਕਰਨਾ ਜਾਰੀ ਰੱਖ ਸਕਦੇ ਹੋ। **ਸੁਝਾਅ:** ਆਪਣੇ ਗਾਹਕਾਂ ਨੂੰ ਦੱਸੋ ਕਿ ਤੁਸੀਂ ਮੁੜ ਵਰਤੋਂ ਯੋਗ ਕੱਪ ਸਵੀਕਾਰ ਕਰਦੇ ਹੋ। ਪੋਸਟਰ ਅਤੇ ਟਿੱਲ ਦੇ ਉੱਪਰ ਲਗਾਉਣ ਲਈ ਸਮੱਗਰੀ vancouver.ca/reduce-single-use 'ਤੇ ਉਪਲਬਧ ਹੈ

- ਜੇਕਰ ਤੁਹਾਡੀ ਭੋਜਨ ਸੁਰੱਖਿਆ ਅਤੇ ਸੈਨੀਟੇਸ਼ਨ ਯੋਜਨਾ ਵਿੱਚ ਹਾਲੇ ਗਾਹਕਾਂ ਦੇ ਮੁੜ ਵਰਤੋਂ ਯੋਗ ਕੱਪਾਂ ਨੂੰ ਸਵੀਕਾਰ ਕਰਨ ਲਈ ਲਿਖਤੀ ਪ੍ਰਕਿਰਿਆ ਸ਼ਾਮਲ ਨਹੀਂ ਹੈ, ਤਾਂ **ਜਿੰਨੀ ਜਲਦੀ ਹੋ ਸਕੇ ਆਪਣੀ ਯੋਜਨਾ ਨੂੰ ਅੱਪਡੇਟ ਕਰੋ ਅਤੇ ਇਸਨੂੰ ਸਮੀਖਿਆ ਅਤੇ ਪ੍ਰਵਾਨਗੀ ਲਈ ਆਪਣੇ ਸਥਾਨਕ ਸਿਹਤ ਅਥਾਰਟੀ ਕੋਲ ਜਮ੍ਹਾਂ ਕਰੋ** ਤਾਂ ਜੋ ਤੁਸੀਂ 1 ਜੁਲਾਈ, 2022 ਤੋਂ ਮੁੜ ਵਰਤੋਂ ਯੋਗ ਕੱਪਾਂ ਨੂੰ ਸਵੀਕਾਰ ਕਰਨਾ ਸ਼ੁਰੂ ਕਰ ਸਕੋ। **ਸੁਝਾਅ**: ਵੈਨਕੂਵਰ ਕੋਸਟਲ ਹੈਲਥ ਦੁਆਰਾ ਮਨਜ਼ੂਰ ਸੰਪਰਕ ਰਹਿਤ ਕੱਪ ਪ੍ਰਕਿਰਿਆਵਾਂ vancouver.ca/cups 'ਤੇ ਉਪਲਬਧ ਹਨ

# ਕੱਪਾਂ ਬਾਰੇ ਉਪ-ਕਾਨੂੰਨ #3 - 7 ਜੂਨ 2022

## ਕਾਰੋਬਾਰਾਂ ਨੂੰ 1 ਜੁਲਾਈ, 2022 ਤੋਂ ਗਾਹਕਾਂ ਦੇ ਮੁੜ ਵਰਤੋਂ ਯੋਗ ਕੱਪ ਸਵੀਕਾਰ ਕਰਨ ਦੀ ਲੋੜ ਹੈ

### ਅਕਸਰ ਪੁੱਛੇ ਜਾਂਦੇ ਸਵਾਲ

**1. ਕੀ ਕਾਰੋਬਾਰ COVID-19 ਮਹਾਂਮਾਰੀ ਦੌਰਾਨ ਗਾਹਕ ਦੇ ਸਾਫ਼ ਮੁੜ ਵਰਤੋਂ ਯੋਗ ਕੱਪਾਂ ਨੂੰ ਸਵੀਕਾਰ ਕਰ ਸਕਦੇ ਹਨ?**

ਹਾਂ। ਬੀਸੀ ਸੈਂਟਰ ਫਾਰ ਡਿਸੀਜ਼ ਕੰਟਰੋਲ ਅਤੇ ਵੈਨਕੂਵਰ ਕੋਸਟਲ ਹੈਲਥ ਦੀਆਂ ਵਰਤਮਾਨ ਸੇਧਾਂ ਦੇ ਤਹਿਤ, ਭੋਜਨ ਵਿਕ੍ਰੇਤਾ COVID-19 ਦੌਰਾਨ ਗਾਹਕਾਂ ਦੇ ਮੁੜ-ਵਰਤੋਂ ਯੋਗ ਕੱਪ ਨੂੰ ਸਵੀਕਾਰ ਕਰ ਸਕਦੇ ਹਨ, ਬਸ਼ਰਤੇ ਉਹ ਆਪਣੀ ਸਟੋਰ ਨੀਤੀ ਨੂੰ ਦਸਤਾਵੇਜ਼ੀ ਰੂਪ ਦਿੰਦੇ ਹਨ ਅਤੇ ਲੋੜੀਂਦੇ ਰੋਕਥਾਮ ਉਪਾਵਾਂ ਦੀ ਪਾਲਣਾ ਕਰਦੇ ਹਨ।

**2. COVID-19 ਮਹਾਂਮਾਰੀ ਦੇ ਦੌਰਾਨ ਗਾਹਕਾਂ ਦੇ ਮੁੜ-ਵਰਤੋਂ ਯੋਗ ਕੱਪਾਂ ਨੂੰ ਸੁਰੱਖਿਅਤ ਢੰਗ ਨਾਲ ਸਵੀਕਾਰ ਕਰਨ ਅਤੇ ਭਰਨ ਲਈ ਭੋਜਨ ਵਿਕ੍ਰੇਤਾ ਕਿਹੜੇ ਤਰੀਕਿਆਂ ਦੀ ਵਰਤੋਂ ਕਰ ਸਕਦੇ ਹਨ?**

"ਸੰਪਰਕ-ਰਹਿਤ ਕੱਪ ਦੇ ਤਰੀਕੇ" ਸਿੱਟੀ ਦੀ ਵੈੱਬਸਾਈਟ vancouver.ca/cups 'ਤੇ ਉਪਲਬਧ ਹਨ। ਦੁਨੀਆ ਭਰ ਦੇ ਕੈਫੇ ਅਤੇ ਰੈਸਟੋਰੈਂਟਾਂ ਦੁਆਰਾ ਵਰਤੀਆਂ ਜਾਂਦੀਆਂ, ਇਹ ਪ੍ਰਕਿਰਿਆਵਾਂ COVID-19 ਦੇ ਦੌਰਾਨ ਗਾਹਕਾਂ ਦੇ ਮੁੜ-ਵਰਤੋਂ ਯੋਗ ਕੱਪਾਂ ਨੂੰ ਸਵੀਕਾਰ ਕਰਨ ਲਈ ਸੁਰੱਖਿਅਤ ਹਨ, ਅਤੇ ਵੈਨਕੂਵਰ ਕੋਸਟਲ ਹੈਲਥ ਦੁਆਰਾ ਪ੍ਰਵਾਨਿਤ ਹਨ। vancouver.ca/reduce-single-use ਤੋਂ ਸਿੰਗਲ-ਯੂਜ਼ ਆਈਟਮ ਟੂਲਕਿੱਟ ਡਾਊਨਲੋਡ ਕਰੋ

**3. ਕੀ ਵਿਕ੍ਰੇਤਾਵਾਂ ਨੂੰ ਗੰਦੇ ਜਾਂ ਨੁਕਸਾਨੇ ਗਏ ਕੱਪਾਂ, ਜਾਂ ਅਜਿਹਾ ਬਰਤਨਾਂ ਨੂੰ ਸਵੀਕਾਰ ਕਰਨਾ ਪਵੇਗਾ ਜੋ ਭੋਜਨ ਪਦਾਰਥਾਂ ਲਈ ਸੁਰੱਖਿਅਤ ਸਮੱਗਰੀ ਤੋਂ ਨਹੀਂ ਬਣੇ ਹੁੰਦੇ ਹਨ?**

ਨਹੀਂ, ਭੋਜਨ ਵਿਕ੍ਰੇਤਾਵਾਂ ਨੂੰ ਗਾਹਕਾਂ ਦੇ ਮੁੜ ਵਰਤੋਂ ਯੋਗ ਕੱਪਾਂ ਨੂੰ ਸਵੀਕਾਰ ਕਰਨ ਦੀ ਲੋੜ ਨਹੀਂ ਹੈ ਜੋ ਭੋਜਨ ਸੁਰੱਖਿਅਤ ਨਹੀਂ ਹਨ।

ਭੋਜਨ ਵਿਕ੍ਰੇਤਾਵਾਂ ਨੂੰ ਗਾਹਕਾਂ ਦੇ ਮੁੜ ਵਰਤੋਂ ਯੋਗ ਕੱਪਾਂ ਨੂੰ ਸਵੀਕਾਰ ਕਰਨ ਲਈ ਇੱਕ ਪ੍ਰਕਿਰਿਆ ਵਿਕਸਿਤ ਕਰਨੀ ਅਤੇ ਉਸਦੀ ਪਾਲਣਾ ਕਰਨੀ ਚਾਹੀਦੀ ਹੈ, ਅਤੇ ਇਹ ਪ੍ਰਕਿਰਿਆਵਾਂ ਜਨਤਕ ਸਿਹਤ ਨਿਰਦੇਸ਼ਾਂ ਦੇ ਅਨੁਸਾਰ ਹੋਣੀਆਂ ਚਾਹੀਦੀਆਂ ਹਨ। ਬੀਸੀ ਵਿੱਚ ਭੋਜਨ ਪਰਿਸਰਾਂ ਵਿੱਚ ਮੁੜ ਵਰਤੋਂ ਯੋਗ ਭੋਜਨ ਕੰਟੇਨਰਾਂ ਦੀ ਵਰਤੋਂ ਬਾਰੇ ਸੂਬਾਈ ਨੀਤੀ ਗੰਦੇ, ਗੈਰ-ਭੋਜਨ ਗ੍ਰੇਡ, ਜਾਂ ਨੁਕਸਾਨੇ ਗਏ ਕੱਪਾਂ ਤੋਂ ਇਨਕਾਰ ਕਰਨ ਵਾਸਤੇ ਪ੍ਰਕਿਰਿਆਵਾਂ ਵਿਕਸਿਤ ਕਰਨ ਲਈ ਭੋਜਨ ਵਿਕ੍ਰੇਤਾਵਾਂ ਨੂੰ ਮਾਰਗਦਰਸ਼ਨ ਪ੍ਰਦਾਨ ਕਰਦੀ ਹੈ।

# ਕੱਪਾਂ ਬਾਰੇ ਉਪ-ਕਾਨੂੰਨ #3 - 7 ਜੂਨ 2022

## ਕਾਰੋਬਾਰਾਂ ਨੂੰ 1 ਜੁਲਾਈ, 2022 ਤੋਂ ਗਾਹਕਾਂ ਦੇ ਮੁੜ ਵਰਤੋਂ ਯੋਗ ਕੱਪ ਸਵੀਕਾਰ ਕਰਨ ਦੀ ਲੋੜ ਹੈ

**4. ਕਾਰੋਬਾਰਾਂ ਨੂੰ ਆਪਣੀਆਂ ਭੋਜਨ ਸੁਰੱਖਿਆ ਅਤੇ ਸੈਨੀਟੇਸ਼ਨ ਯੋਜਨਾਵਾਂ, ਅਤੇ ਹੋਰ ਜਨਤਕ ਸਿਹਤ ਲੋੜਾਂ ਨੂੰ ਅੱਪਡੇਟ ਕਰਨ ਬਾਰੇ ਕਿਸ ਨਾਲ ਗੱਲ ਕਰਨੀ ਚਾਹੀਦੀ ਹੈ?**

ਆਪਣੇ ਵਾਤਾਵਰਣਕ ਸਿਹਤ ਅਧਿਕਾਰੀ ਨਾਲ ਸੰਪਰਕ ਕਰੋ। ਜੇਕਰ ਵੈਨਕੂਵਰ ਕੋਸਟਲ ਹੈਲਥ ਤੁਹਾਡੀ ਸਥਾਨਕ ਸਿਹਤ ਅਥਾਰਟੀ ਹੈ, ਤਾਂ (604) 675-3800 'ਤੇ ਕਾਲ ਕਰੋ ਜਾਂ ehvc@vch.ca 'ਤੇ ਈਮੇਲ ਕਰੋ